5902/MH

A-5/2051

**PUNJABI COMPULSORY-XII(a)**

**SEMESTER-II**

**(SYLLABUS MAY 2019)**

**TIME 3 HOURS** **MM: 75**

ਭਾਗ-ੳ

1 ਹੇਠ ਲਿਖੇ ਨਿਬੰਧਾਂ ਵਿਚੋਂ ਕਿਸੇ ਇਕ ਦਾ ਵਿਸ਼ਾ-ਵਸਤੂ ਬਿਆਨ ਕਰੋ।

ੳ) ਪਾਣੀ

ਅ) ਆਧੁਨਿਕ ਖੇਤੀ ਦੀਆਂ ਸਮੱਸਿਆਵਾਂ

ੲ) ਜੀਵ ਜੰਤੂਆਂ ਦਾ ਸੰਚਾਰ ਪ੍ਰਬੰਧ 12

2 ਹੇਠ ਲਿਖੇ ਪ੍ਰਸ਼ਨਾਂ ਵਿਚੋਂ ਕਿਸੇ ਦੋ ਦੇ ਉਤੱਰ ਲਿਖੋ:

ੳ) ਜਪਾਨ ਰਹਿੰਦਿਆਂ ਪੂਰਨ ਸਿੰਘ ਪੜ੍ਹਾਈ ਦੇ ਨਾਲ ਨਾਲ ਕਿਹੜੀਆਂ ਸਰਗਰਮੀਆਂ ਵਿਚ ਭਾਗ ਲੈਂਦੇ ਰਹੇ?

ਅ) 'ਪਾਣੀ' ਨਿਬੰਧ ਦੇ ਲੇਖਕ ਅਨੁਸਾਰ ਮਨੁੱਖ ਕੁਦਰਤ ਦੇ ਸੰਤੁਲਨ ਨੂੰ ਕਿਵੇਂ ਵਿਗਾੜ ਰਿਹਾ ਹੈ?

ੲ) ਚੰਨ ਉਪਰ ਪਹੁੰਚਣ ਵਾਲੇ ਪੁਲਾੜ ਯਾਤਰੀਆਂ ਅਤੇ ਪੁਲਾੜ ਯਾਨਾਂ ਬਾਰੇ ਸੰਖੇਪ ਜਾਣਕਾਰੀ ਦਿਓ।

ਸ) ਸੰਤੁਲਿਤ ਭੋਜਨ ਵਿਚ ਕਿਹੜੇ ਕਿਹੜੇ ਪੋਸ਼ਟਿਕ ਤੱਤਾਂ ਦਾ ਸ਼ਾਮਲ ਹੋਣਾ ਲਾਜ਼ਮੀ ਮੰਨਿਆ ਗਿਆ ਹੈ?

ਹ) ਟੈਟਨਸ ਤੋਂ ਬਚਣ ਲਈ ਕਿਹੜੀਆਂ ਸਾਵਧਾਨੀਆਂ ਵਰਤਣੀਆਂ ਚਾਹੀਦੀਆਂ ਹਨ? 2×6=12

ਭਾਗ-ਅ

3 ਤੁਸੀਂ ਇਕ ਪੜੇ ਲਿਖੇ ਬੇਰੁਜ਼ਗਾਰ ਨੌਜਵਾਨ ਹੋ।ਤੁਸੀਂ ਸ਼ਹਿਰ ਵਿਚ ਇਕ ਹੋਟਲ ਖੋਲ੍ਹਣਾ ਚਾਹੁੰਦੇ ਹੋ। ਬੈਂਕ ਦੇ ਬਰਾਂਚ ਮੈਨੇਜਰ ਨੂੰ ਇਕ ਪੱਤਰ ਲਿਖ ਕੇ ਇਸ ਮੰਤਵ ਲਈ ਮਿਲਣ ਵਾਲੇ ਕਰਜ਼ੇ ਅਤੇ ਹੋਰ ਸ਼ਰਤਾਂ ਦੀ ਜਾਣਕਾਰੀ ਪ੍ਰਾਪਤ ਕਰੋ।

ਜਾਂ

ਤੁਸੀਂ ਕੁਝ ਦੋਸਤਾਂ ਨਾਲ ਰਲ ਕੇ ਪਿੰਡ ਵਿਚ ਇਕ ਲਾਇਬਰੇਰੀ ਖੋਲ੍ਹਣਾ ਚਾਹੁੰਦੇ ਹੋ। ਪੰਜਾਬੀ ਦੇ ਕਿਸੇ ਪ੍ਰਕਾਸ਼ਕ ਨੂੰ ਇਕ ਪੱਤਰ ਲਿਖ ਕੇ ਕਿਤਾਬਾਂ ਦੀ ਖਰੀਦ ਲਈ ਕੁਟੇਸ਼ਨਾਂ ਦੀ ਮੰਗ ਕਰੋ।

ਜਾਂ

ਤੁਹਾਡੇ ਵਲੋਂ ਆਮਦਨ ਕਰ ਵੱਧ ਭਰਿਆ ਗਿਆ ਹੈ। ਆਪਣੇ ਇਲਾਕੇ ਦੇ ਆਮਦਨ

ਪਰਤੋ ਜੀ........

ਕਰ ਅਧਿਕਾਰੀ ਨੂੰ ਇਕ ਪੱਤਰ ਲਿਖ ਕੇ ਵੱਧ ਜਮ੍ਹਾਂ ਹੋਏ ਆਮਦਨ ਕਰ ਦੀ ਵਾਪਸੀ (ਰੀਫੰਡ) ਦੀ ਮੰਗ ਕਰੋ। 09

4 ਸ੍ਰੇਣੀ ਰੱਖਿਅਕ ਅਤੇ ਸ੍ਰੇਣੀ ਬਦਲੂ ਪਿਛੇਤਰਾਂ ਬਾਰੇ ਉਦਾਹਰਣ ਸਹਿਤ ਜਾਣਕਾਰੀ ਦਿਓ।

ਜਾਂ

ਉਪਭਾਸ਼ਾ ਤੇ ਟਕਸਾਲੀ ਭਾਸ਼ਾ ਵਿਚ ਅੰਤਰ ਸਪੱਸ਼ਟ ਕਰੋ ਅਤੇ ਭਾਰਤੀ ਪੰਜਾਬ ਵਿਚਲੀਆਂ ਪੰਜਾਬੀ ਦੀਆਂ ਉਪਭਾਸ਼ਾਵਾਂ ਬਾਰੇ ਜਾਣਕਾਰੀ ਦਿਓ। 12

ਭਾਗ-ੲ

5 ਹੇਠ ਲਿਖੇ ਪ੍ਰਸ਼ਨਾਂ ਦੇ ਸੰਖੇਪ ਉੱਤਰ ਦਿਓ:

ੳ) ਵਿਗਿਆਨੀ ਪੂਰਨ ਸਿੰਘ ਨੇ ਡੇਹਰਾਦੂਨ ਰਹਿੰਦਿਆਂ ਕਿਹੜਾ ਮੁੱਖ ਕੰਮ ਕੀਤਾ?

ਅ) 'ਗਿਆਨ ਸਰੋਵਰ' ਪੁਸਤਕ ਦੇ ਸੰਪਾਦਕਾਂ ਦੇ ਨਾਂ ਲਿਖੋ।

ੲ) ਲੁਧਿਆਣਾ ਸ਼ਹਿਰ ਦੇ ਸਨਅਤੀ ਇਲਾਕਿਆਂ ਵਿਚ ਧਰਤੀ ਹੇਠਲਾ ਪਾਣੀ ਹੁਣ ਪੀਣਯੋਗ ਕਿਉਂ ਨਹੀਂ ਰਿਹਾ?

ਸ) ਚੰਨ ਕਿੰਨੇ ਸਮੇਂ ਵਿਚ ਧਰਤੀ ਦੁਆਲੇ ਇਕ ਚੱਕਰ ਪੂਰਾ ਕਰਦਾ ਹੈ?

ਹ) ਖਾਣ ਵਾਲੇ ਕਿਹੜੇ ਪਦਾਰਥਾਂ ਵਿਚੋਂ ਵਿਟਾਮਿਨ 'ਸੀ' ਪ੍ਰਾਪਤ ਹੁੰਦਾ ਹੈ?

ਕ) ਜਪਾਨ ਦੇ ਕਿਹੜੇ ਦੋ ਸ਼ਹਿਰਾਂ ਤੇ ਅਮਰੀਕਾ ਵਲੋਂ ਪ੍ਰਮਾਣੂ ਬੰਬ ਸੁੱਟੇ ਗਏ ਸਨ?

ਖ) ਪੰਛੀ ਆਪਸ ਵਿਚ ਸੰਚਾਰ ਕਿਵੇਂ ਕਰਦੇ ਹਨ?

ਗ) ਅਵਿਕਾਰੀ ਸ਼ਬਦਾਂ ਦੀਆਂ ਚਾਰ ਉਦਾਹਰਣਾਂ ਦਿਓ।

ਘ) ਅਸਹਿ, ਕੁਕਰਮ, ਨਿਸ਼ਕਾਮ, ਲਾਜਵਾਬ (ਅਗੇਤਰ ਵੱਖ ਕਰਕੇ ਲਿਖੋ)

ਙ) ਹਾਰ, ਕਾਰੀ ਤਾ, ਬਾਜ **(ਇਨ੍ਹਾਂ ਪਿਛੇਤਰਾਂ ਦੀ ਵਰਤੋਂ ਕਰਕੇ ਨਵੇਂ ਸ਼ਬਦ ਬਣਾਓ)**

ਚ) ਸਫ਼ਲ, ਮਾਨ, ਲੱਭ, ਈਮਾਨ **(ਇਨ੍ਹਾਂ ਸ਼ਬਦਾਂ ਨਾਲ ਅਗੇਤਰ ਲਗਾ ਕੇ ਨਵੇਂ ਸ਼ਬਦ ਬਣਾਓ)**

ਛ) ਪੰਜਾਬੀ ਦੀਆਂ ਚਾਰ ਉਪਭਾਸ਼ਾਵਾਂ ਦੇ ਨਾਂ ਲਿਖੋ।

ਜ) 'ਰਜਿਸਟਰ' ਕਿਸਨੂੰ ਆਖਦੇ ਹਨ? ਮਿਸਾਲਾਂ ਦੇ ਕੇ ਸਪੱਸ਼ਟ ਕਰੋ।

ਝ) ਦੁਆਬੀ ਉਪਭਾਸ਼ਾ ਕਿਹੜੇ ਇਲਾਕੇ ਵਿਚ ਬੋਲੀ ਜਾਂਦੀ ਹੈ?

ਞ) ਮਾਝੀ ਉਪਭਾਸ਼ਾ ਦੇ ਚਾਰ ਸ਼ਬਦ ਲਿਖੋ।

15×2=30